# ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

ਛੇਵੀਂ ਮੰਜ਼ਿਲ, ਬਲਾਕ-ਈ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ, ਫੇਜ਼-8,
ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ), ਫੋਨ ਨੰਬਰ:-0172-2212221

ਵੱਲ

(ਨੋਟਿਸ ਬੋਰਡ ਅਤੇ ਵੈੱਬਸਾਈਟ ਰਾਹੀਂ)

ਸਮੂਹ ਸਕੂਲ ਮੁੱਖੀ,
ਪੰਜਾਬ।

ਮੀਮੋ ਨੰ: SCERT-SDP01/93/2022-SDP-SCERT/383491/ 09
ਮਿਤੀ: ਸਾਹਿਬਜ਼ਾਦਾ ਅਜੀਤ ਸਿੰਘ ਨਗਰ,15-11-2022

**Subject : Veer Gatha edition-II ਸੰਬੰਧੀ।**

**ਹਵਾਲਾ:-** Ministry of Education, Department of school Education & Literacy, GoI ਦੇ D.No. F.1-81/2022-Sch.3 Dated: 26th October, 2022 ਅਤੇ ਇਸ ਦਫ਼ਤਰ ਦੇ ਪੱਤਰ ਮੀਮੋ ਨੰ: SCERT-SDP01/93/2022-SDP-SCERT/383491/04 ਮਿਤੀ: ਸਾਹਿਬਜ਼ਾਦਾ ਅਜੀਤ ਸਿੰਘ ਨਗਰ, 04 -10-2022 ਦੀ ਲਗਾਤਾਰਤਾ ਵਿੱਚ।

1.0 ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਉਕਤ ਵਿਸ਼ੇ ਅਧੀਨ ਹਥਿਆਰਬੰਦ ਬਲਾਂ, ਹੋਰ ਪੂਰੀ ਤਰ੍ਹਾਂ ਗਠਿਤ ਬਲਾਂ ਅਤੇ ਨਾਗਰਿਕਾਂ ਦੇ ਅਧਿਕਾਰੀਆਂ/ਕਰਮਚਾਰੀਆਂ ਦੀ ਬਹਾਦਰੀ ਅਤੇ ਕੁਰਬਾਨੀ ਦੇ ਕੰਮ ਨੂੰ ਸਨਮਾਨਿਤ ਕਰਨ ਲਈ ਭਾਰਤ ਸਰਕਾਰ ਦੁਆਰਾ ਬਹਾਦਰੀ ਪੁਰਸਕਾਰਾਂ ਦੀ ਸਥਾਪਨਾ ਕੀਤੀ ਗਈ ਹੈ।

3.0 Ministry of Defence (MoD) ਵੱਲੋਂ ਹਥਿਆਰਬੰਦ ਬਲਾਂ, ਹੋਰ ਪੂਰੀ ਤਰ੍ਹਾਂ ਗਠਿਤ ਬਲਾਂ ਅਤੇ ਨਾਗਰਿਕਾਂ ਦੇ ਅਧਿਕਾਰੀਆਂ/ਕਰਮਚਾਰੀਆਂ ਦੀ ਬਹਾਦਰੀ ਅਤੇ ਕੁਰਬਾਨੀ ਦੇ ਕੰਮਾਂ ਅਤੇ ਇਹਨਾਂ ਬਹਾਦਰ ਦਿਲਾਂ ਦੀਆਂ ਜੀਵਨ ਕਹਾਣੀਆਂ ਨੂੰ ਵਿਦਿਆਰਥੀਆਂ ਵਿੱਚ ਫੈਲਾਉਣ ਅਤੇ ਉਹਨਾਂ ਵਿੱਚ ਨਾਗਰਿਕ ਚੇਤਨਾ ਦੀ ਭਾਵਨਾ ਪੈਦਾ ਕਰਨ ਲਈ, ਸਕੂਲੀ ਵਿਦਿਆਰਥੀਆਂ ਨੂੰ ਪ੍ਰੋਜੈਕਟਾਂ/ਗਤੀਵਿਧੀਆਂ ਦੇ ਆਧਾਰ 'ਤੇ ਪ੍ਰੇਰਿਤ ਕਰਨ ਲਈ ਲਿਖਿਆ ਗਿਆ ਹੈ।

4.0 Ministry of Defence ਅਤੇ Ministry of Education (MoE) ਵੱਲੋਂ ਬਹਾਦਰੀ ਪੁਰਸਕਾਰਾਂ ਦਾ ਐਲਾਨ ਸਾਲ ਵਿੱਚ ਦੋ ਵਾਰ (ਗਣਤੰਤਰ ਦਿਵਸ ਮੌਕੇ ਅਤੇ ਸੁਤੰਤਰਤਾ ਦਿਵਸ ਮੌਕੇ) ਕੀਤਾ ਜਾਂਦਾ ਹੈ।

5.0 Ministry of Defence ਅਤੇ Ministry of Education (MoE) ਦੇ ਤਾਲਮੇਲ ਨਾਲ ਹੁਣ ਪ੍ਰੋਜੈਕਟ Veer Gatha edition-II ਨੂੰ ਲਾਂਚ ਕਰਨ ਦਾ ਫੈਸਲਾ ਕੀਤਾ ਹੈ, ਜਿਸ ਦਾ ਇਨਾਮ ਵੰਡ ਸਮਾਰੋਹ ਜਨਵਰੀ 2023 ਵਿੱਚ ਹੋਵੇਗਾ।

6.0 ਵਿਦਿਆਰਥੀ ਇਸ ਪ੍ਰੋਜੈਕਟ ਵਿੱਚ ਵੱਖ-ਵੱਖ ਪ੍ਰੋਜੈਕਟਾਂ ਜਿਵੇਂ ਕਿ ਬਹਾਦਰੀ ਪੁਰਸਕਾਰ ਜੇਤੂਆਂ 'ਤੇ ਕਵਿਤਾ/ ਪੈਰਾ/ਕਹਾਣੀ/ਡਰਾਇੰਗ/ਵੀਡੀਓਜ਼ ਆਦਿ ਰਾਹੀਂ ਭਾਗ ਲੈ ਸਕਦਾ ਹੈ।

7.0 ਸਭ ਤੋਂ ਵਧੀਆ ਪ੍ਰੋਜੈਕਟ ਨੂੰ ਅਗਾਮੀ ਗਣਤੰਤਰ ਦਿਵਸ 'ਤੇ Ministry of Defence ਦੁਆਰਾ ਰਾਸ਼ਟਰੀ ਪੱਧਰ 'ਤੇ ਸਨਮਾਨਿਤ ਕੀਤਾ ਜਾਵੇਗਾ।

Scanned by CamScanner

8.0 ਵਿਦਿਆਰਥੀਆਂ ਦੁਆਰਾ 22 ਭਾਸ਼ਾਵਾਂ ਅਤੇ ਅੰਗਰੇਜ਼ੀ ਵਿੱਚੋਂ ਕਿਸੇ ਵਿੱਚ ਵੀ ਪ੍ਰੋਜੈਕਟ ਤਿਆਰ ਕੀਤੇ ਜਾ ਸਕਦੇ ਹਨ।

9.0 Project Veer Gatha edition-II ਦੇਸ਼ ਦੇ ਸਾਰੇ ਸਕੂਲ ਬੋਰਡਾਂ ਦੇ ਵਿਦਿਆਰਥੀਆਂ ਦੀ ਵੱਡੀ ਭਾਗੀਦਾਰੀ ਦੀ ਸਹੂਲਤ ਲਈ MyGov ਪਲੇਟਫਾਰਮ 'ਤੇ ਐਂਟਰੀਆਂ ਅੱਪਲੋਡ ਕੀਤੀਆਂ ਜਾ ਸਕਦੀਆਂ ਹਨ।

10.0 ਕਲਾਸ ਤੀਸਰੀ ਤੋਂ ਲੈ ਕੇ 12ਵੀਂ ਤੱਕ ਦੇ ਸਾਰੇ ਸਕੂਲਾਂ ਵੱਲੋਂ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ Ministry of Defence ਦੇ Gallantry award ਪੋਰਟਲ (https://www.gallantryawards.gov.in) 'ਤੇ ਰਜਿਸਟਰ ਕੀਤਾ ਜਾਵੇ। ਸਾਰੇ ਰਜਿਸਟਰਡ ਵਿਦਿਆਰਥੀਆਂ ਨੂੰ ਇੱਕ ਵਿਲੱਖਣ ID ਦਿੱਤੀ ਜਾਵੇਗੀ।

11.0 Project Veer Gatha edition-2, Concept Note (ਕਾਪੀ ਨੱਥੀ) ਵਿੱਚ ਦਰਸਾਏ ਦਿਸ਼ਾ ਨਿਰਦੇਸ਼ਾਂ ਅਨੁਸਾਰ ਆਯੋਜਿਤ ਕੀਤਾ ਜਾਵੇਗਾ। ਪਹਿਲਾਂ ਭੇਜੇ ਗਏ Concept Note ਵਿੱਚ MoE ਅਤੇ MoD ਵੱਲੋਂ ਅੰਸ਼ਿਕ ਸੋਧ ਕੀਤੀ ਗਈ, ਜਿਸ ਅਨੁਸਾਰ ਸਾਰੇ ਸਕੂਲਾਂ (ਪ੍ਰਾਇਮਰੀ/ਐਲੀਮੈਂਟਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ) ਵੱਲੋਂ 4-4 ਸਭ ਤੋਂ ਵਧੀਆ ਐਂਟਰੀਆਂ ਅੱਪਲੋਡ ਕੀਤੀਆਂ ਜਾ ਸਕਦੀਆਂ ਹਨ। ਹਰੇਕ ਕੈਟਾਗਿਰੀਂ (ਪ੍ਰਾਇਮਰੀ/ਐਲੀਮੈਂਟਰੀ(ਕਲਾਸ 3 ਤੋਂ 5) ,ਮਿਡਲ (ਕਲਾਸ 6 ਤੋਂ 8), ਹਾਈ (ਕਲਾਸ 6 ਤੋਂ 10) ਅਤੇ ਸੀਨੀਅਰ ਸੈਕੰਡਰੀ(ਕਲਾਸ 6 ਤੋਂ 12)) ਵਿੱਚ ਇੱਕ ਐਂਟਰੀ ਜਰੂਰ ਹੋਵੇ।

12.0 ਆਪ ਵੱਲੋਂ ਆਪਣੇ ਸਕੂਲਾਂ ਦੇ ਕਲਾਸ ਤੀਸਰੀ ਤੋਂ ਲੈ ਕੇ 12ਵੀਂ ਤੱਕ ਦੇ ਵਿਦਿਆਰਥੀਆਂ ਨੂੰ Project Veer Gatha edition-II ਦੇ ਨਾਲ ਨੱਥੀ concept note ਦੀਆਂ ਹਦਾਇਤਾਂ, ਟਾਈਮ ਸ਼ਡਿਊਲ ਅਤੇ ਅੰਸ਼ਿਕ ਸੋਧ ਅਨੁਸਾਰ ਭਾਗ ਲੈਣ ਪ੍ਰੇਰਿਤ ਕੀਤਾ ਜਾਵੇ।

ਵਰਿੰਦਰ ਕੁਮਾਰ ਸ਼ਰਮਾ , ਆਈ.ਏ.ਐੱਸ.
ਡਾਇਰੈਕਟਰ ਜਨਰਲ ਸਕੂਲ ਸਿੱਖਿਆ,
ਪੰਜਾਬ।

ਪਿੱਠ ਅੰਕਣ ਨੰ: ਉਕਤ /10-13 ਮਿਤੀ: ਐਸ.ਏ.ਐਸ. ਨਗਰ, 15-11-2022

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ

1. ਪੀ.ਏ ਟੂ ਪ੍ਰਮੁੱਖ ਸਕੱਤਰ ਸਕੂਲ ਸਿੱਖਿਆ, ਪੰਜਾਬ।
2. ਪੀ.ਏ ਟੂ ਡੀ.ਜੀ.ਐਸ.ਈ., ਪੰਜਾਬ।
3. ਪੀ.ਏ ਟੂ ਡੀ.ਪੀ.ਆਈ. (ਸੈਸਿੱ/ਐਸਿੱ), ਪੰਜਾਬ ਨੂੰ ਸੂਚਨਾ ਹਿੱਤ ਅਤੇ
4. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈਸਿੱ/ਐਸਿੱ),ਪੰਜਾਬ ਨੂੰ ਸਰਕਾਰੀ, ਅਰਧ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਸਮੂਹ ਸਕੂਲ ਮੁੱਖੀਆਂ ਨੂੰ Project Veer Gatha edition-II ਵਿੱਚ ਕਲਾਸ ਤੀਸਰੀ ਤੋਂ ਲੈ ਕੇ 12ਵੀਂ ਤੱਕ ਦੇ ਸਾਰੇ ਵਿਦਿਆਰਥੀਆਂ ਨੂੰ ਭਾਗ ਲੈਣ ਲਈ ਉਤਸ਼ਾਹਿਤ ਕਰਨ ਹਿੱਤ ਭੇਜਿਆਂ ਜਾਂਦਾ ਹੈ।

ਡਾਇਰੈਕਟਰ,
ਐਸ.ਸੀ.ਈ.ਆਰ.ਟੀ,ਪੰਜਾਬ।

Scanned by CamScanner